# 6

# ਘਰੇਲੂ ਇਕਰਾਰਨਾਮੇ

PJB 006

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।


flew Family Law Education for Women
Women's Right to Know

fodf Femmes ontariennes et droit de la famille
Le droit de savoir

# ਘਰੇਲੂ ਇਕਰਾਰਨਾਮੇ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

**ਘਰੇਲੂ ਇਕਰਾਰਨਾਮੇ** ਨਜ਼ਦੀਕੀ ਰਿਸ਼ਤਿਆਂ ਬਾਰੇ ਕਾਨੂੰਨੀ ਇਕਰਾਰਨਾਮੇ ਹੁੰਦੇ ਹਨ।ਇਕੱਠੇ ਰਹਿਣ ਦੇ ਇਕਰਾਰਨਾਮੇ, ਵਿਆਹ ਦੇ ਇਕਰਾਰਨਾਮੇ ਅਤੇ ਵੱਖ ਹੋਣ ਦੇ ਇਕਰਾਰਨਾਮੇ ਘਰੇਲੂ ਇਕਰਾਰਨਾਮਿਆਂ ਦੀਆਂ ਵੱਖ-ਵੱਖ ਕਿਸਮਾਂ ਹਨ। ਤੁਸੀਂ ਘਰੇਲੂ ਇਕਰਾਰਨਾਮਿਆਂ ਦਾ ਇਸਤੇਮਾਲ ਆਪਣੇ ਰਿਸ਼ਤੇ ਲਈ ਕੁਝ ਸ਼ਰਤਾਂ ਸਥਾਪਿਤ ਕਰਨ ਲਈ ਕਰ ਸਕਦੇ ਹੋ। ਕਿਸੇ ਘਰੇਲੂ ਇਕਰਾਰਨਾਮੇ ਦਾ ਇਸਤੇਮਾਲ ਤੁਸੀਂ ਇਸ ਬਾਰੇ ਸਹਿਮਤੀ ਬਣਾਉਣ ਲਈ ਵੀ ਕਰ ਸਕਦੇ ਹੋ ਕਿ ਆਪਣਾ ਰਿਸ਼ਤਾ ਖ਼ਤਮ ਹੋਣ ਦੀ ਸਥਿਤੀ ਵਿੱਚ ਤੁਹਾਡੇ ਅਤੇ ਤੁਹਾਡੇ ਸਾਥੀ ਦੇ ਹੱਕ ਅਤੇ ਜ਼ੁੰਮੇਵਾਰੀਆਂ ਕੀ ਹੋਣਗੀਆਂ।

ਘਰੇਲੂ ਇਕਰਾਰਮਾਮੇ ਉਦੋਂ ਤਕ ਕਾਨੂੰਨੀ ਸ਼ਕਲ ਨਹੀਂ ਅਖਤਿਆਰ ਕਰਦੇ ਜਦੋਂ ਤਕ ਇਹ ਲਿਖਤੀ ਰੂਪ ਵਿੱਚ ਨਾ ਹੋਣ। ਤੁਹਾਨੂੰ ਅਤੇ ਤੁਹਾਡੇ ਸਾਥੀ ਦੋਵਾਂ ਨੂੰ ਲਾਜ਼ਮੀ ਤੌਰ 'ਤੇ ਕਿਸੇ ਗਵਾਹ ਦੇ ਸਾਹਮਣੇ ਇਕਰਾਰਮਾਮੇ 'ਤੇ ਦਸਤਖਤ ਕਰਨੇ ਚਾਹੀਦੇ ਹਨ। ਇਕਰਾਰਨਾਮੇ ਵਿਚਲੀ ਕੋਈ ਗੱਲ ਬਦਲਣ ਲਈ, ਜਾਂ ਇਕਰਾਰਨਾਮੇ ਨੂੰ ਖ਼ਤਮ ਕਰਨ ਲਈ ਤੁਹਾਨੂੰ ਇਨ੍ਹਾਂ ਹੀ ਨਿਯਮਾਂ ਅਨੁਸਾਰ ਚੱਲਣਾ ਚਾਹੀਦਾ ਹੈ: ਲਾਜ਼ਮੀ ਤੌਰ 'ਤੇ ਇਹ ਲਿਖਤੀ ਰੂਪ ਵਿੱਚ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਦੋਵਾਂ ਨੂੰ ਕਿਸੇ ਗਵਾਹ ਦੇ ਸਾਹਮਣੇ ਦਸਤਖਤ ਕਰਨੇ ਚਾਹੀਦੇ ਹਨ।

ਚਿਤਾਵਨੀ: ਘਰੇਲੂ ਇਕਰਾਰਨਾਮਿਆਂ ਦੇ ਕਾਰਨ ਮਹੱਤਵਪੂਰਨ ਹੱਕ ਖ਼ਤਮ ਹੋ ਸਕਦੇ ਹਨ। ਉਹ ਤੁਹਾਡੇ ਜਾਇਦਾਦ ਦੇ ਹੱਕ ਅਤੇ ਸਹਾਇਤਾ ਹਾਸਲ ਕਰਨ ਦੇ ਹੱਕ ਖ਼ਤਮ ਕਰ ਸਕਦੇ ਹਨ। ਕਿਸੇ ਵੀ ਕਿਸਮ ਦੇ ਘਰੇਲੂ ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰੋ।

# ਘਰੇਲੂ ਇਕਰਾਰਨਾਮਿਆਂ ਦੀਆਂ ਕਿਸਮਾਂ

## ਇਕੱਠੇ ਰਹਿਣ ਦਾ ਇਕਰਾਰਨਾਮਾ

ਤੁਸੀਂ ਅਤੇ ਤੁਹਾਡਾ ਸਾਥੀ ਕਿਸੇ ਘਰ ਵਿੱਚ ਇਕੱਠੇ ਰਹਿਣਾ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਬਾਅਦ **ਇਕੱਠੇ ਰਹਿਣ ਦਾ ਸਮਝੌਤਾ** ਕਰ ਸਕਦੇ ਹੋ।

ਇਕੱਠੇ ਰਹਿਣ ਦੇ ਕਿਸੇ ਇਕਰਾਰਨਾਮੇ ਵਿੱਚ ਹੇਠ ਲਿਖੀਆਂ ਗੱਲਾਂ ਕਹੀਆਂ ਜਾ ਸਕਦੀਆਂ ਹਨ:

- ਤੁਸੀਂ ਆਪਣੇ ਰਿਸ਼ਤੇ ਵਿਚਲੀਆਂ ਕੁਝ ਗੱਲਾਂ ਦਾ ਪ੍ਰਬੰਧ ਕਿਵੇਂ ਕਰਨਾ ਚਾਹੁੰਦੇ ਹੋ (ਉਦਾਹਰਣ ਵੱਜੋਂ, ਤੁਸੀਂ ਇਸ ਗੱਲ 'ਤੇ ਸਹਿਮਤ ਹੋ ਸਕਦੇ ਹੋ ਕਿ ਤੁਸੀਂ ਆਪਣੇ ਆਰਥਿਕ ਮਾਮਲਿਆਂ ਨੂੰ ਇੱਕ ਦੂਸਰੇ ਤੋਂ ਵੱਖ ਰੱਖੋਗੇ)।
- ਜੇ ਤੁਹਾਡਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ, ਤਾਂ ਤੁਸੀਂ ਕੀ ਕਰੋਗੇ (ਉਦਾਹਰਣ ਵੱਜੋਂ, ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਵੇਗੀ ਅਤੇ ਤੁਹਾਡੇ ਵਿੱਚੋਂ ਕੋਈ ਵਿਅਕਤੀ ਦੂਸਰੇ ਨੂੰ ਕਿੰਨੀ ਸਹਾਇਤਾ ਦੇਵੇਗਾ)। ਇਹ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਜਾਇਦਾਦ ਬਾਰੇ ਪਰਿਵਾਰਕ ਕਾਨੂੰਨ ਕਾਮਨ-ਲਾਅ ਅਧੀਨ ਆਉਣ ਵਾਲੇ ਜੋੜਿਆਂ 'ਤੇ ਲਾਗੂ ਨਹੀਂ ਹੁੰਦਾ। ਜਦੋਂ ਕਾਮਨ-ਲਾਅ ਅਧੀਨ ਆਉਣ ਵਾਲਾ ਕੋਈ ਜੋੜਾ ਵੱਖ ਹੁੰਦਾ ਹੈ ਤਾਂ ਉਹ ਮਕਾਨ ਜਿਸ ਵਿੱਚ ਉਹ ਰਹਿੰਦੇ ਸਨ, ਉਸ ਵਿਅਕਤੀ ਦਾ ਮੰਨਿਆਂ ਜਾਂਦਾ ਹੈ ਜਿਸ ਦਾ ਨਾਮ ਇਸਦੇ ਸਿਰਲੇਖ 'ਤੇ ਹੁੰਦਾ ਹੈ।

ਇਕੱਠੇ ਰਹਿਣ ਦੇ ਇਕਰਾਰਨਾਮੇ ਵਿੱਚ ਤੁਹਾਡੇ ਬੱਚਿਆਂ ਦੇ ਕਬਜ਼ੇ ਅਤੇ ਉਨ੍ਹਾਂ ਤਕ ਪਹੁੰਚ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਕਬਜ਼ੇ, ਪਹੁੰਚ ਅਤੇ ਬਾਲ ਸਹਾਇਤਾ ਦਾ ਫੈਸਲਾ ਸਿਰਫ ਤੁਹਾਡੇ ਅਤੇ ਤੁਹਾਡੇ ਸਾਥੀ ਦੇ ਵੱਖ ਹੋਣ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ।

ਜੇ ਤੁਸੀਂ ਅਤੇ ਤੁਹਾਡਾ ਸਾਥੀ ਇਕੱਠੇ ਰਹਿਣ ਤੋਂ ਬਾਅਦ ਵਿਆਹ ਕਰਵਾ ਲੈਂਦੇ ਹੋ ਤਾਂ ਤੁਹਾਡਾ ਇਕੱਠੇ ਰਹਿਣ ਦਾ ਸਮਝੌਤਾ, ਤੁਹਾਡਾ ਵਿਆਹ ਦਾ ਸਮਝੌਤਾ ਬਣ ਜਾਂਦਾ ਹੈ।

## ਵਿਆਹ ਦਾ ਸਮਝੌਤਾ

**ਵਿਆਹ ਦਾ ਸਮਝੌਤਾ** ਇਕੱਠੇ ਰਹਿਣ ਦੇ ਇਕਰਾਰਨਾਮੇ ਵਾਂਗ ਹੀ ਹੁੰਦਾ ਹੈ, ਪਰ ਇਹ ਸਿਰਫ ਉਨ੍ਹਾਂ ਜੋੜਿਆਂ ਲਈ ਹੁੰਦਾ ਹੈ ਜਿਨ੍ਹਾਂ ਦਾ ਵਿਆਹ ਹੋ ਚੁੱਕਾ ਹੋਵੇ। ਜੇ ਸਮਝੌਤਾ ਉਨ੍ਹਾਂ ਵਿਅਕਤੀਆਂ ਲਈ ਹੋਵੇ ਜੋ ਵਿਆਹ ਕਰਵਾਉਣ ਦੀ ਯੋਜਨਾ ਬਣਾ ਰਹੇ ਹੋਣ, ਤਾਂ ਇਸ ਨੂੰ ਇੱਕ ਵਿਆਹ ਤੋਂ ਪਹਿਲਾਂ ਦਾ ਸਮਝੌਤਾ ਕਿਹਾ ਜਾ ਸਕਦਾ ਹੈ।

ਵਿਆਹ ਦੇ ਇਕਰਾਰਨਾਮਿਆਂ ਵਿੱਚ ਵੀ ਉਸੇ ਤਰ੍ਹਾਂ ਦੇ ਮੁੱਦਿਆਂ ਬਾਰੇ ਗੱਲ ਕੀਤੀ ਜਾ ਸਕਦੀ ਹੈ ਜੋ ਇਕੱਠੇ ਰਹਿਣ ਦੇ ਇਕਰਾਰਨਾਮਿਆਂ ਵਿੱਚ ਸ਼ਾਮਲ ਹੁੰਦੇ ਹਨ। ਵਿਆਹ ਦੇ ਇਕਰਾਰਨਾਮੇ ਵਿੱਚ ਕਬਜ਼ੇ, ਬੱਚਿਆਂ ਤਕ ਪਹੁੰਚ ਜਾਂ ਬਾਲ ਸਹਾਇਤਾ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਮੁੱਦਿਆਂ ਦਾ ਫੈਸਲਾ ਸਿਰਫ ਤੁਹਾਡੇ ਵੱਖ ਹੋਣ ‘ਤੇ ਹੀ ਕੀਤਾ ਜਾ ਸਕਦਾ ਹੈ।

### *ਪਰਿਵਾਰਕ ਜਾਇਦਾਦ ਅਤੇ ਵਿਆਹ ਦੇ ਇਕਰਾਰਨਾਮੇ*

ਜੇ ਤੁਹਾਡਾ ਤੁਹਾਡੇ ਸਾਥੀ ਨਾਲ ਵਿਆਹ ਹੋਇਆ ਹੈ, ਤਾਂ ਪਰਿਵਾਰਕ ਜਾਇਦਾਦ ਦੇ ਮੁੱਲ ਵਿੱਚ, ਸਮੇਤ ਉਸ ਘਰ ਦੇ ਜਿਸ ਵਿੱਚ ਤੁਸੀਂ ਰਹਿੰਦੇ ਹੋ, ਹਿੱਸੇਦਾਰੀ ਦਾ ਤੁਹਾਡਾ ਹੱਕ ਹੁੰਦਾ ਹੈ। ਇਸ ਮਕਾਨ ਨੂੰ **ਵਿਆਹ ਵਾਲਾ ਘਰ (matrimonial home)** ਕਿਹਾ ਜਾਂਦਾ ਹੈ।

ਬਹੁਤ ਸਾਵਧਾਨ ਰਹੋ। ਤੁਸੀਂ ਕੁਝ ਅਜਿਹਾ ਛੱਡ ਸਕਦੇ ਹੋ ਜੋ ਤੁਹਾਡੇ ਭਵਿੱਖ ‘ਤੇ ਅਸਰ ਕਰੇਗਾ।

ਕਾਨੂੰਨ ਅਨੁਸਾਰ ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਪਰਿਵਾਰਕ ਮਕਾਨ ਵਿੱਚ ਰਹਿਣ ਦਾ ਬਰਾਬਰ ਦਾ ਹੱਕ ਹੁੰਦਾ ਹੈ। ਕਾਨੂੰਨ ਇਹ ਵੀ ਕਹਿੰਦਾ ਹੈ ਕਿ ਤੁਹਾਡੇ ਵਿੱਚੋਂ ਕੋਈ ਵੀ ਦੂਸਰੇ ਵਿਅਕਤੀ ਦੀ ਆਗਿਆ ਲਏ ਬਿਨਾਂ ਆਪਣੇ ਮਕਾਨ ਨੂੰ ਵੇਚ ਨਹੀਂ ਸਕਦਾ ਜਾਂ ਗਿਰਵੀ ਨਹੀਂ ਰੱਖ ਸਕਦਾ। ਵਿਆਹ ਦੇ ਇਕਰਾਰਨਾਮੇ ਇਨ੍ਹਾਂ ਹੱਕਾਂ ਨੂੰ ਨਹੀਂ ਬਦਲ ਸਕਦੇ।

ਵਿਆਹ ਦੇ ਇਕਰਾਰਨਾਮਿਆਂ ਦਾ ਇਸਤੇਮਾਲ ਤੁਹਾਡੇ ਪਰਿਵਾਰਕ ਮਕਾਨ ਦੇ ਸਬੰਧ ਵਿੱਚ ਇੱਕ ਬੇਹੱਦ ਮਹੱਤਵਪੂਰਨ ਹੱਕ ਹਾਸਲ ਕਰਨ ਲਈ ਕੀਤਾ ਜਾ ਸਕਦਾ ਹੈ। ਕਾਨੂੰਨ ਅਨੁਸਾਰ ਤੁਹਾਨੂੰ ਅਤੇ ਤੁਹਾਡੇ ਸਾਥੀ ਦੋਵਾਂ ਨੂੰ ਤੁਹਾਡੇ ਪਰਿਵਾਰਕ ਮਕਾਨ ਦੇ ਅੱਧੇ ਮੁੱਲ ‘ਤੇ ਹੱਕ ਹੁੰਦਾ ਹੈ। ਤੁਹਾਡੇ ਅਲਹਿਦਾ ਹੋਣ ਵੇਲ਼ੇ ਬਾਕੀ ਜਾਇਦਾਦ ਅਤੇ ਕਰਜ਼ਿਆਂ ਦੇ ਨਾਲ ਤੁਹਾਡੇ ਮਕਾਨ ਦੀ ਕੀਮਤ ਦਾ ਵੀ ਅੱਧ-ਅੱਧ ਕੀਤਾ ਜਾਂਦਾ ਹੈ। ਇਹ ਸੱਚ ਹੈ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮਕਾਨ ਦਾ ਮਾਲਕ ਕੌਣ ਹੈ ਅਤੇ ਇਸ ਲਈ ਭੁਗਤਾਨ ਕਿਸ ਨੇ ਕੀਤਾ। ਇਹ ਤਾਂ ਵੀ ਸੱਚ ਹੁੰਦਾ ਹੈ ਭਾਵੇਂ ਤੁਹਾਡੇ ਵਿੱਚੋਂ ਇੱਕ ਜਣਾ ਤੁਹਾਡਾ ਵਿਆਹ ਹੋਣ ਤੋਂ ਪਹਿਲਾਂ ਮਕਾਨ ਦਾ ਮਾਲਕ ਸੀ। ਤੁਹਾਡਾ ਸਾਥੀ ਤੁਹਾਨੂੰ ਵਿਆਹ ਦੇ ਅਜਿਹੇ ਇਕਰਾਰਨਾਮੇ ‘ਤੇ ਦਸਤਖਤ ਕਰਨ ਲਈ ਕਹਿ ਸਕਦਾ ਹੈ ਜਿਸ ਵਿੱਚ ਇਹ ਕਿਹਾ ਗਿਆ ਹੋਵੇ ਕਿ ਮਕਾਨ ਦੀ ਜਾਂ ਹੋਰ ਜਾਇਦਾਦ ਦਾ ਹਿੱਸਾ ਵੰਡਿਆਂ ਨਹੀਂ ਜਾਵੇਗਾ,

ਜਾਂ ਤੁਹਾਡਾ ਹਿੱਸਾ ਜਿੰਨਾ ਬਣਦਾ ਹੈ, ਉਸ ਤੋਂ ਘੱਟ ਹੋਵੇਗਾ। ਕਾਨੂੰਨਨ ਵਿਆਹ ਦੇ ਇਕਰਾਰਨਾਮਿਆਂ ਵਿੱਚ ਅਜਿਹਾ ਕਿਹਾ ਜਾ ਸਕਦਾ ਹੈ।

## ਵੱਖ ਹੋਣ ਦਾ ਸਮਝੌਤਾ

**ਵੱਖ ਹੋਣ ਦਾ ਸਮਝੌਤਾ** ਇੱਕ ਦੂਸਰੀ ਕਿਸਮ ਦਾ ਘਰੇਲੂ ਸਮਝੌਤਾ ਹੁੰਦਾ ਹੈ। ਵੱਖ ਹੋਣ ਦੇ ਇਕਰਾਰਨਾਮੇ ਦਾ ਇਸਤੇਮਾਲ ਤੁਸੀਂ ਇਹ ਫੈਸਲਾ ਕਰਨ ਲਈ ਵੀ ਕਰ ਸਕਦੇ ਹੋ ਕਿ ਤੁਹਾਡੇ ਅਤੇ ਤੁਹਾਡੇ ਸਾਥੀ ਦੇ ਵੱਖ ਹੋਣ 'ਤੇ ਪੈਦਾ ਹੋਣ ਵਾਲੇ ਮਸਲਿਆਂ ਨਾਲ ਕਿਵੇਂ ਨਜਿੱਠਣਾ ਹੈ। ਤੁਸੀਂ ਵੱਖ ਹੋਣ ਦਾ ਸਮਝੌਤਾ ਕਰ ਸਕਦੇ ਹੋ, ਜੇ ਤੁਸੀਂ ਵਿਆਹੇ ਹੋਏ ਸੀ ਜਾਂ ਜੇ ਤੁਸੀਂ ਕਾਮਨ-ਲਾਅ ਅਧੀਨ ਕਿਸੇ ਰਿਸ਼ਤੇ ਵਿੱਚ ਰਹਿੰਦੇ ਸੀ। ਵੱਖ ਹੋਣ ਦੇ ਇਕਰਾਰਨਾਮੇ ਵਿੱਚ ਬੱਚਿਆਂ ਲਈ ਕਬਜ਼ੇ ਅਤੇ ਬੱਚਿਆਂ ਤਕ ਪਹੁੰਚ, ਮਾਲੀ ਸਹਾਇਤਾ ਅਤੇ ਜਾਇਦਾਦ ਦੀ ਵੰਡ ਕਰਨ ਦੇ ਤਰੀਕੇ ਬਾਰੇ ਗੱਲਾਂ ਹੋ ਸਕਦੀਆਂ ਹਨ।

ਤੁਸੀਂ ਅਤੇ ਤੁਹਾਡਾ ਸਾਥੀ ਇਨ੍ਹਾਂ ਮਸਲਿਆਂ ਨੂੰ ਸੁਲਝਾਉਣ ਲਈ ਵੱਖ ਹੋਣ ਦੇ ਇਕਰਾਰਨਾਮੇ ਦਾ ਇਸਤੇਮਾਲ ਕਰਨ ਦਾ ਫੈਸਲਾ ਕਰ ਸਕਦੇ ਹੋ ਕਿਉਂਕਿ:

- ਕਿਸੇ ਇਕਰਾਰਨਾਮੇ 'ਤੇ ਸੌਦੇਬਾਜ਼ੀ ਕਰਨਾ ਅਦਾਲਤ ਵਿੱਚ ਜਾਣ ਨਾਲੋਂ ਵਧੇਰੇ ਤੇਜ਼ ਅਤੇ ਘੱਟ ਤਨਾਅਪੂਰਨ ਹੁੰਦਾ ਹੈ
- ਤੁਸੀਂ ਉਨ੍ਹਾਂ ਗੱਲਾਂ ਨੂੰ ਕਾਬੂ ਵਿੱਚ ਰੱਖ ਸਕਦੇ ਹੋ ਜੋ ਤੁਹਾਡੇ ਇਕਰਾਰਮਾਮੇ ਵਿੱਚ ਹੁੰਦੀਆਂ ਹਨ
- ਤੁਹਾਡੇ ਅਤੇ ਤੁਹਾਡੇ ਸਾਥੀ ਵਲੋਂ ਇਕਰਾਰਨਾਮੇ ਦੀ ਪਾਲਣਾ ਕੀਤੇ ਜਾਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ ਕਿਉਂਕਿ ਤੁਸੀਂ ਆਪ ਹੀ ਚੁਣਿਆ ਸੀ ਕਿ ਇਸ ਵਿੱਚ ਕੀ ਰੱਖਣਾ ਹੈ।

## ਘਰੇਲੂ ਇਕਰਾਰਨਾਮੇ ਕਿਵੇਂ ਲਾਗੂ ਕੀਤੇ ਜਾਂਦੇ ਹਨ?

ਤੁਸੀਂ ਆਪਣਾ ਘਰੇਲੂ ਸਮਝੌਤਾ ਅਦਾਲਤ ਕੋਲ ਦਾਇਰ ਕਰ ਸਕਦੇ ਹੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਸ ਵਿਚਲੀਆਂ ਮਾਇਕ ਮਦਦ ਦੇਣ ਵਾਲੀਆਂ ਮੱਦਾਂ ਉਵੇਂ ਹੀ ਲਾਗੂ ਕੀਤੀਆਂ ਜਾਣਗੀਆਂ ਜਿਵੇਂ ਇਹ ਅਦਾਲਤੀ ਹੁਕਮ ਹੋਵੇ। ਅਦਾਲਤ ਵਿੱਚ ਘਰੇਲੂ ਸਮਝੌਤੇ ਦਾਇਰ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਅਦਾਲਤ ਇਸ 'ਤੇ ਮੁੜ ਵਿਚਾਰ ਤਾਂ ਹੀ ਕਰੇਗੀ ਜੇ ਤੁਹਾਡੇ ਵਿੱਚੋਂ ਕੋਈ ਇੱਕ ਜਣਾ ਇਕਰਾਰਨਾਮੇ ਨੂੰ ਗ਼ਲਤ ਕਹੇ। ਤੁਸੀਂ ਅਦਾਲਤ ਨੂੰ ਸਮਝੌਤੇ ਵਿਚਲੀਆਂ ਸ਼ਰਤਾਂ ਲਾਗੂ ਕਰਨ ਲਈ ਆਖ ਸਕਦੇ ਹੋ।

ਜ਼ਿਆਦਾਤਰ ਸਮਾਂ, ਅਦਾਲਤਾਂ ਉਹੀ ਕੁਝ ਲਾਗੂ ਕਰਨਗੀਆਂ ਜੋ ਕਿਸੇ ਘਰੇਲੂ ਇਕਰਾਰਨਾਮੇ ਵਿੱਚ ਹੁੰਦਾ ਹੈ। ਕਿਸੇ ਘਰੇਲੂ ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲਓ। ਯਕੀਨੀ ਬਣਾਓ ਕਿ ਤੁਸੀਂ ਸਮਝਦੇ ਹੋ ਕਿ ਇਕਰਾਰਨਾਮੇ ਵਿੱਚ ਕੀ ਲਿਖਿਆ ਹੋਇਆ ਹੈ। ਯਕੀਨੀ ਬਣਾਓ ਕਿ ਤੁਸੀਂ ਸਮਝਦੇ ਹੋ ਕਿ ਇਕਰਾਰਨਾਮੇ ਵਿਚਲੇ ਤੁਹਾਡੇ ਹੱਕ ਕਾਨੂੰਨ ਹੇਠ ਤੁਹਾਡੇ ਹੱਕਾਂ ਤੋਂ ਕਿਵੇਂ ਵੱਖ ਹਨ। ਜੇ ਤੁਹਾਡੇ ਕੋਲ ਆਪਣੇ ਸਾਥੀ ਦੀ ਮਾਲੀ ਹਾਲਤ ਬਾਰੇ ਪੂਰੀ ਜਾਣਕਾਰੀ ਹੈ ਜਿਸ ਦੀ ਤਹਾਨੂੰ ਲੋੜ ਹੈ ਤਾਂ ਕੋਈ ਵਕੀਲ ਵੀ ਇਹ ਪਤਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕੀ ਇਹ ਸਮਝੌਤਾ ਤੁਹਾਡੇ ਲਈ ਸਹੀ ਹੈ।

## ਕੀ ਅਦਾਲਤਾਂ ਕਿਸੇ ਅਨਿਆਈ ਇਕਰਾਰਨਾਮੇ ਨੂੰ ਬਦਲ ਦੇਣਗੀਆਂ?

ਜੇ ਤੁਸੀਂ ਆਪਣੇ ਘਰੇਲੂ ਇਕਰਾਰਨਾਮੇ ਵਿਚਲੀ ਕਿਸੇ ਗੱਲ ਨੂੰ ਚੁਣੌਤੀ ਦੇਣੀ ਚਾਹੁੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਅਦਾਲਤ ਕੋਲ ਦਰਖ਼ਾਸਤ ਕਰਨੀ ਚਾਹੀਦੀ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਦਾਲਤਾਂ ਇਨ੍ਹਾਂ ਇਕਰਾਰਨਾਮਿਆਂ ਵਿੱਚ ਦਖ਼ਲਅੰਦਾਜ਼ੀ ਕਰਨਾ ਪਸੰਦ ਨਹੀਂ ਕਰਦੀਆਂ। ਅਦਾਲਤਾਂ ਸਿਰਫ ਇਸ ਲਈ ਹੀ ਕਿਸੇ ਇਕਰਾਰਨਾਮੇ ਨੂੰ ਨਹੀਂ ਬਦਲਣਗੀਆਂ ਕਿਉਂਕਿ ਇਹ ਤੁਹਾਨੂੰ ਉਸ ਹਿੱਸੇ ਨਾਲੋਂ ਘੱਟ ਦਿੰਦਾ ਹੈ ਜੋ ਤੁਹਾਨੂੰ ਪਰਿਵਾਰਕ ਕਾਨੂੰਨ ਅਧੀਨ ਮਿਲੇਗਾ। ਇਕਰਾਰਨਾਮੇ ਨੂੰ ਚੁਣੌਤੀ ਦੇਣ ਵਿੱਚ ਤੁਹਾਡੇ ਸਫਲ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ ਜੇ ਤੁਸੀਂ ਦਿਖਾ ਸਕਦੇ ਹੋ ਕਿ:

- ਤੁਹਾਡੇ ਸਾਥੀ ਨੇ ਆਪਣੀ ਮਾਲੀ ਸਥਿਤੀ ਬਾਰੇ ਖੁਲਾਸਾ ਇਮਾਨਦਾਰੀ ਨਾਲ ਨਹੀਂ ਕੀਤਾ ਸੀ
- ਇਕਰਾਰਨਾਮੇ 'ਤੇ ਦਸਤਖਤ ਕਰਨ ਲਈ ਤੁਹਾਡੇ 'ਤੇ ਦਬਾਅ ਪਾਇਆ ਗਿਆ ਸੀ
- ਸਮਝੌਤਾ ਬਹੁਤ ਜ਼ਿਆਦਾ ਅਨਿਆਈ ਹੈ

ਅਦਾਲਤਾਂ ਆਮ ਤੌਰੇ ‘ਤੇ ਜਾਇਦਾਦ ਦੀ ਵੰਡ ਬਾਰੇ ਇਕਰਾਰਨਾਮਿਆਂ ਵਿੱਚ ਕਹੀਆਂ ਗੱਲਾਂ ਨੂੰ ਨਹੀਂ ਬਦਲਦੀਆਂ। ਉਨ੍ਹਾਂ ਵੱਲੋਂ ਕਿਸੇ ਇਕਰਾਨਾਮੇ ਵਿੱਚ ਪਤੀ/ਪਤਨੀ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਬਾਰੇ ਕਹੀਆਂ ਗਈਆਂ ਗੱਲਾਂ ਨੂੰ ਬਦਲੇ ਜਾਣ ਦੀ ਥੋੜ੍ਹੀ ਵਧੇਰੇ ਸੰਭਾਵਨਾ ਹੁੰਦੀ ਹੈ। ਜੇ ਤੁਹਾਡੀ ਸਥਿਤੀ ਉਸ ਸਮੇਂ ਦੀ ਸਥਿਤੀ ਨਾਲੋਂ ਬਦਤਰ ਹੈ ਜਦੋਂ ਇਕਰਾਰਨਾਮੇ ‘ਤੇ ਦਸਤਖਤ ਕੀਤੇ ਗਏ ਸਨ, ਤਾਂ ਅਦਾਲਤ ਦੁਆਰਾ ਇਕਰਾਰਨਾਮੇ ਨੂੰ ਬਦਲ ਦਿੱਤੇ ਜਾਣ ਦੀ ਵਧੇਰੇ ਸੰਭਾਵਨਾ ਹੋ ਸਕਦੀ ਹੈ।

ਜਦੋਂ ਕਿਸੇ ਘਰੇਲੂ ਇਕਰਾਰਨਾਮੇ ਨੂੰ ਚੁਣੌਤੀ ਦਿੱਤੀ ਜਾਂਦੀ ਹੈ, ਤਾਂ ਅਦਾਲਤ ਸ਼ਾਇਦ ਇਹ ਫੈਸਲਾ ਕਰ ਸਕਦੀ ਹੈ ਕਿ ਇਕਰਾਰਨਾਮੇ ਦੇ ਇੱਕ ਹਿੱਸੇ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਜੇ ਉਹ ਹਿੱਸਾ ਇਕਰਾਰਨਾਮੇ ਦਾ ਮਹੱਤਵਪੂਰਨ ਹਿੱਸਾ ਹੈ, ਤਾਂ ਅਦਾਲਤ ਸ਼ਾਇਦ ਇਹ ਫੈਸਲਾ ਦੇ ਸਕਦੀ ਹੈ ਕਿ ਸਾਰਾ ਸਮਝੌਤਾ ਹੀ ਕਾਨੂੰਨੀ ਤੌਰ ‘ਤੇ ਸਹੀ ਨਹੀਂ ਹੈ। ਉਸ ਸਥਿਤੀ ਵਿੱਚ ਤੁਸੀਂ ਅਤੇ ਤੁਹਾਡਾ ਸਾਥੀ ਇੱਕ ਨਵਾਂ ਸਮਝੌਤਾ ਤਿਆਰ ਕਰ ਸਕਦੇ ਹੋ, ਜਾਂ ਜੇ ਤੁਸੀਂ ਸਹਿਮਤ ਨਹੀਂ ਹੋ ਸਕਦੇ, ਤਾਂ ਤੁਸੀਂ ਅਦਾਲਤ ਨੂੰ ਇਨ੍ਹਾਂ ਮਸਲਿਆਂ ਨਾਲ ਨਜਿੱਠਣ ਵਿੱਚ ਮਦਦ ਕਰਨ ਦੀ ਬੇਨਤੀ ਕਰ ਸਕਦੇ ਹੋ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 ‘ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca ‘ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. **ਘਰੇਲੂ ਇਕਰਾਰਨਾਮੇ (PJB 006)**
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*


flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।